# ਡੈਨਿਸ ਦੀ ਕਹਾਣੀ

## ਸ਼ੈਨਨ ਹਿਊਮਚਿਟ

ਅਸੀਂ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਕੇਂਦਰੀ ਤੱਟ ਉੱਪਰ ਸਥਿੱਤ ਬੇਲਾ ਬੇਲਾ (ਹੀਟਸੁਕ) ਨਾਂ ਦੇ ਦੁਰੇਡੇ ਪਿੰਡ ਵਿੱਚ ਰਹਿੰਦੇ ਹਾਂ। ਸਾਡੇ ਪਿੰਡ ਤੋਂ ਸਿਰਫ ਹਵਾਈ ਜਹਾਜ਼ ਜਾਂ ਫੈਰੀ ਰਾਹੀਂ ਹੀ ਬਾਹਰ ਜਾਇਆ ਜਾ ਸਕਦਾ ਹੈ।

ਸਾਡੇ ਤੀਜੇ ਬੱਚੇ ਡੈਨਿਸ ਦਾ ਜਨਮ 2008 ਵਿੱਚ ਹੋਇਆ ਸੀ। ਆਪਣੇ ਜਨਮ ਸਮੇਂ ਉਹ 34 ਹਫਤਿਆਂ ਦਾ ਹੀ ਸੀ ਅਤੇ ਉਸ ਦਾ ਭਾਰ 5 ਪੌਂਡ 13 ਔਂਸ ਸੀ। ਸੁਣਨ ਸ਼ਕਤੀ ਦੀ ਜਾਂਚ ਤੋਂ ਸਾਨੂੰ ਪਤਾ ਲੱਗਾ ਕਿ ਉਸ ਵਿੱਚ ਸੁਣਨ ਸ਼ਕਤੀ ਦੀ ਘਾਟ ਹੋ ਸਕਦੀ ਹੈ। ਉਸ ਵੇਲੇ ਸਾਨੂੰ ਪਤਾ ਨਹੀਂ ਸੀ ਕਿ ਇਸ ਬਾਰੇ ਕੀ ਸੋਚੀਏ। ਜਦੋਂ ਉਹ ਕੁਝ ਮਹੀਨਿਆਂ ਦਾ ਹੋਇਆ ਤਾਂ ਅਸੀਂ ਬੀ ਸੀ ਚਿਲਡਰਨ ਹਸਪਤਾਲ ਵਿੱਚ ਗਏ ਅਤੇ ਸਾਨੂੰ ਪੱਕਾ ਪਤਾ ਲੱਗਾ ਕਿ ਉਸ ਦੇ ਖੱਬੇ ਕੰਨ ਵਿੱਚ ਗੰਭੀਰ ਤੋਂ ਬਹੁਤ ਗੰਭੀਰ ਪੱਧਰ ਦੀ ਸੁਣਨ ਸ਼ਕਤੀ ਦੀ ਘਾਟ ਹੈ। ਉਸ ਤੋਂ ਬਾਅਦ ਅਸੀਂ ਡੈਨਿਸ ਦੀ ਹੋਰ ਜਾਂਚ ਕਰਵਾਉਣ ਲਈ ਹਰ ਚਾਰ ਮਹੀਨਿਆਂ ਬਾਅਦ ਬੀ ਸੀ ਚਿਲਡਰਨ ਹਸਪਤਾਲ ਵਿੱਚ ਆਉਂਦੇ ਰਹੇ। ਉਸ ਦੀਆਂ ਸਾਰੀਆਂ ਫੇਰੀਆਂ ਸੁਣਨ ਸ਼ਕਤੀ ਬਾਰੇ ਕੋਈ ਫਿਕਰ ਜਾਂ ਤਬਦੀਲੀਆਂ ਤੋਂ ਬਿਨਾਂ ਠੀਕ ਸਨ, ਅਤੇ ਹੁਣ ਅਸੀਂ ਸਾਲ ਵਿੱਚ ਇਕ ਵਾਰ ਬੀ ਸੀ ਚਿਲਡਰਨ ਹਸਪਤਾਲ ਵਿੱਚ ਆਉਂਦੇ ਹਾਂ, ਪਰ ਇਸ ਵਿੱਚ ਤਬਦੀਲੀ ਹੋਣਾ ਸੰਭਵ ਹੈ।

ਜਦੋਂ ਡੈਨਿਸ ਛੋਟਾ ਬੱਚਾ ਸੀ, ਮੈਂ ਇਕ ਦਮ ਅਰਲੀ ਇੰਟਰਵੈਨਸ਼ਨ ਸਰਵਿਸਜ਼ (ਮੁਢਲੀ ਦਖਲਅੰਦਾਜ਼ੀ ਲਈ ਸੇਵਾਵਾਂ) ਨਾਲ ਸੰਪਰਕ ਨਹੀਂ ਕੀਤਾ, ਕਿਉਂਕਿ ਮੈਂ ਆਪਣੇ ਨਵੇਂ ਜਨਮੇ ਪੁੱਤਰ ਨਾਲ ਆਨੰਦਮਈ ਸਮਾਂ ਬਿਤਾਉਣਾ ਚਾਹੁੰਦੀ ਸੀ। ਜਦੋਂ ਡੈਨਿਸ ਅੱਠਾਂ ਮਹੀਨਿਆਂ ਦਾ ਹੋਇਆ ਤਾਂ ਮੈਂ ਆਊਟਰੀਚ ਸੇਵਾਵਾਂ ਬਾਰੇ ਹੋਰ ਜਾਣਕਾਰੀ ਲੈਣ ਦਾ ਫੈਸਲਾ ਕੀਤਾ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਕਿ ਸਾਡੇ ਪਿੰਡ ਵਿੱਚ ਇਹ ਵਸੀਲੇ ਨਹੀਂ ਹਨ, ਮੈਂ ਡੈਨਿਸ ਲਈ ਇਸ ਤੋਂ ਵਧੀਆ ਹੋਰ ਕੁਝ ਨਹੀਂ ਕਰ ਸਕਦੀ ਸੀ। ਸੇਵਾ ਪ੍ਰਦਾਨ ਕਰਨ ਵਾਲੀ ਨੇ ਇਹ ਜਾਣਨ ਲਈ ਕਿ ਉਸ ਦੀ ਕੀ ਸਥਿਤੀ ਹੈ, ਡੈਨਿਸ ਦਾ ਨਿਰੀਖਣ ਅਤੇ ਮੁਆਇਨਾ ਕੀਤਾ ਅਤੇ ਵੱਡੇ ਹੋ ਰਹੇ ਡੈਨਿਸ ਦੀ ਮਦਦ ਕਰਨ ਲਈ ਸਾਨੂੰ ਸਾਧਨ ਦਿੱਤੇ। ਉਸ ਨੇ ਬੋਲੀ ਅਤੇ ਭਾਸ਼ਾ ਵੱਲ ਧਿਆਨ ਦੇਣ ਲਈ ਇਸ ਬਾਰੇ ਨਿਸ਼ਾਨੇ ਨਿਸ਼ਚਿਤ ਕਰਨ ਵਿੱਚ ਸਾਡੀ ਮਦਦ ਕੀਤੀ ਅਤੇ ਸਾਨੂੰ "ਕੀਤੇ ਜਾਣ ਵਾਲੇ ਕੰਮਾਂ" ਦੀ ਸੂਚੀ ਦਿੱਤੀ। ਹੁਣ ਮੈਂ ਸੋਚਦੀ ਹਾਂ ਕਿ ਸਾਨੂੰ ਅਰਲੀ ਇੰਟਰਵੈਨਸ਼ਨ ਸਰਵਿਸਜ਼ ਨਾਲ ਇਕਦਮ ਸੰਪਰਕ ਕਰ ਲੈਣਾ ਚਾਹੀਦਾ ਸੀ, ਕਿਉਂਕਿ ਇਹ ਬਹੁਤ ਹੀ ਮਦਦਗਾਰ ਅਤੇ ਮੁੜ ਵਿਸ਼ਵਾਸ ਦਿਵਾਉਣ ਵਾਲਾ ਸੀ।

ਸਮਾਂ ਬੀਤਣ ਨਾਲ ਡੈਨਿਸ ਨਾਲ ਕਈ ਚੰਗੀਆਂ ਗੱਲਾਂ ਵਾਪਰੀਆਂ ਹਨ। ਅਸੀਂ ਆਪਣੇ ਪਿੰਡ ਵਿੱਚ ਉਸ ਨੂੰ 0-3 ਸਾਲਾਂ ਦੇ ਬੱਚਿਆਂ ਲਈ ਚਲਾਏ ਜਾਂਦੇ ਪ੍ਰੋਗਰਾਮ ਵਿੱਚ ਪਾ ਦਿੱਤਾ। ਇਸ ਨਾਲ ਉਸ ਨੇ ਤਰੱਕੀ ਕੀਤੀ ਅਤੇ ਫਿਰ ਉਹ ਡੇਅਕੇਅਰ ਅਤੇ ਪ੍ਰੀਸਕੂਲ ਵਿੱਚ ਚਲੇ ਗਿਆ। ਇਸ ਸਤੰਬਰ ਵਿੱਚ ਡੈਨਿਸ ਕਿੰਡਰਗਾਰਟਨ ਸ਼ੁਰੂ ਕਰੇਗਾ।

ਭਾਵੇਂ ਅਜੇ ਵੀ ਉਹ ਬੋਲੀ ਦੀਆਂ ਕੁਝ ਧੁਨੀਆਂ ਉੱਤੇ ਕੰਮ ਕਰ ਰਿਹਾ ਹੈ ਅਤੇ ਆਪਣੇ ਸ਼ਬਦ-ਭੰਡਾਰ ਵਿੱਚ ਵਾਧਾ ਕਰ ਰਿਹਾ ਹੈ, ਪਰ ਜੇ ਸਾਡੇ ਰਿਹਾਇਸ਼ ਦੀ ਥਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਕਹਿ ਸਕਦੇ ਹਾਂ ਕਿ ਡੈਨਿਸ ਨੇ ਕਾਫੀ ਤਰੱਕੀ ਕੀਤੀ ਹੈ। ਉਸ ਨੂੰ ਇਕ ਸਪੀਚ-ਲੈਂਗੂਏਜ ਪੈਥੋਲੋਜਿਸਟ ਤੋਂ ਮਦਦ ਮਿਲੀ ਹੈ, ਜਿਹੜਾ ਪੈਥੋਲੋਜਿਸਟ ਬੇਲ ਬੇਲਾ ਵਿੱਚ ਹਰ ਤਿਮਾਹੀ ਗੇੜ੍ਹਾ ਮਾਰਦਾ ਹੈ।

ਡੈਨਿਸ ਬਹੁਤ ਖੁਸ਼, ਸੰਤੁਸ਼ਟ ਅਤੇ ਨੀਝਵਾਨ ਮੁੰਡਾ ਹੈ ਜਿਹੜਾ ਹਰ ਚੀਜ਼ ਦੀ ਪੜਤਾਲ ਕਰਨਾ ਚਾਹੁੰਦਾ ਹੈ। ਸਾਡੇ ਸਫਰ ਦੌਰਾਨ ਮਿਲੀ ਸਹਾਇਤਾ ਨਾਲ ਸਾਨੂੰ ਮਦਦ ਮਿਲੀ ਹੈ ਅਤੇ ਉਸ ਨੇ ਡੈਨਿਸ ਦੀ ਜ਼ਿੰਦਗੀ ਵਿੱਚ ਵੱਡਾ ਫਰਕ ਪਾਇਆ ਹੈ। ਅਸੀਂ ਉਸ ਦੇ ਅਧਿਆਪਕਾਂ ਅਤੇ ਪ੍ਰੋਫੈਸ਼ਨਲਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਅਤੇ ਉਸ ਨੂੰ ਸਿੱਖਦੇ ਅਤੇ ਵੱਡਾ ਹੁੰਦੇ ਹੋਏ ਨੂੰ ਦੇਖਦੇ ਹਾਂ। ਭਵਿੱਖ ਲਈ ਸਾਡੀ ਆਸ ਹੈ ਕਿ ਡੈਨਿਸ ਨੂੰ ਇਸ ਗੱਲ ਦੀ ਹਮੇਸ਼ਾਂ ਸਮਝ ਰਹੇ ਕਿ ਜੇ ਅਤੇ ਜਦੋਂ ਵੀ ਉਸ ਨੂੰ ਮਦਦ ਦੀ ਲੋੜ ਹੋਵੇ, ਉਦੋਂ ਉਹ ਮਦਦ ਮੰਗ ਸਕਦਾ ਹੈ - ਅਤੇ ਉਸ ਦੀ ਮਦਦ ਲਈ ਅਸੀਂ ਹਾਜ਼ਰ ਹੋਵਾਂਗੇ।